ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
(ਕਾਰਜ ਸੰਚਾਲਨ ਸ਼ਾਖਾ)

ਨੰ:ਪਸਸਬ-ਕਸ-2023/1427

ਮਿਤੀ 01/09/2023

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ ਰਾਜ।

ਵਿਸ਼ਾ ਅੱਠਵੀਂ/ਦਸਵੀਂ ਅਤੇ ਬਾਰਵੀਂ ਸ਼੍ਰੇਣੀ ਪਰੀਖਿਆ ਕੇਂਦਰ ਸਥਾਪਿਤ ਕਰਨ ਲਈ ਇੰਨਫ੍ਰਾਸਟ੍ਰੱਕਚਰ ਰਿਪੋਰਟ Login Id ਤੇ ਅਪਲੋਡ ਕਰਨ ਸਬੰਧੀ।

ਬੋਰਡ ਵੱਲੋਂ ਮਾਰਚ 2024 ਦੀਆਂ ਸਲਾਨਾ ਪਰੀਖਿਆਵਾਂ ਲਈ ਸਕੂਲ Login Id ਤੇ ਸਕੂਲ ਦੀ ਇੰਨਫ੍ਰਾਸਟ੍ਰੱਕਚਰ ਪ੍ਰਫਾਰਮਾ ਅੱਪਲੋਡ ਕੀਤਾ ਗਿਆ ਹੈ ਜੋ ਕਿ ਸਮੂਹ ਸਕੂਲ ਮੁਖੀਆਂ ਵੱਲੋਂ ਭਰਿਆ ਜਾਣਾ ਲਾਜ਼ਮੀ ਹੈ।

1. ਬੋਰਡ ਦੇ ਰਜਿਸਟ੍ਰੇਸ਼ਨ ਪੋਰਟਲ ਰਾਹੀ ਸਕੂਲ Login Id ਨਾਲ ਲਾਗਇੰਨ ਕਰਦੇ ਹੋਏ ਸਕੂਲ ਪ੍ਰੋਫਾਇਲ Menu ਤੇ Infrastructure Performa ਭਰਿਆ ਜਾਵੇ। ਇਸ Performa ਅੰਦਰ ਪਰੀਖਿਆ ਕੇਂਦਰਾਂ ਦੀ Option ਵਿੱਚ ਆਪ ਜੀ ਦੇ ਸਕੂਲ ਦਾ ਪਿਛਲੇ ਸਾਲ ਲਈ ਬਣਿਆ ਪਰੀਖਿਆ ਕੇਂਦਰ Show ਹੋਵੇਗਾ। ਜੇਕਰ ਤੁਸੀਂ ਪਰੀਖਿਆ ਕੇਂਦਰ ਬਦਲਣਾ ਚਾਹੁੰਦੇ ਹੋ, ਭਾਵ ਮੌਜੂਦਾ ਪਰੀਖਿਆ ਕੇਂਦਰ ਤੋਂ ਸੰਤੁਸ਼ਟ ਨਹੀਂ ਹੋ ਤਾਂ ਸੂਚੀ ਵਿਚੋਂ ਨਵੇਂ ਪਰੀਖਿਆ ਕੇਂਦਰ ਦਾ ਕੋਡ ਅਤੇ ਸਕੂਲ ਦਾ ਨਾਂ Select ਕੀਤਾ ਜਾਵੇ।
2. ਤੁਹਾਡੇ ਪਰੀਖਿਆ ਕੇਂਦਰ ਨਾਲ ਸਬੰਧਤ ਪ੍ਰਸ਼ਨ ਪੱਤਰ ਨੇੜਲੇ ਬੈਂਕ ਦੀ ਸੇਫ ਕੱਸਟਡੀ ਵਿੱਚ ਰੱਖਣ ਲਈ ਇਸ ਪ੍ਰੋਫਾਰਮੇ ਵਿੱਚ Option Select ਕੀਤਾ ਜਾਵੇ।
3. ਮਾਰਚ 2024 ਪਰੀਖਿਆਵਾਂ ਦੌਰਾਨ ਪਰੀਖਿਆ ਵਾਲੇ ਦਿਨ ਹਰ-ਰੋਜ਼ ਹੱਲ ਹੋਈਆਂ ਉੱਤਰ ਪੱਤਰੀਆਂ ਜਿਹੜੇ ਵੀ ਨੇੜਲੇ ਇਕੱਤਰ ਕੇਂਦਰ ਵਿੱਚ ਜਮਾਂ ਕਰਵਾਈਆਂ ਜਾਣੀਆਂ ਹਨ, ਦੀ ਚੋਣ ਕਰਨ ਸਬੰਧੀ Option Select ਕੀਤਾ ਜਾਵੇ।
4. ਪ੍ਰੋਫਾਰਮਾ ਭਰਦੇ ਸਮੇਂ ਸਕੂਲ ਮੁਖੀ Android Mobile App ਲਿੰਕ ਰਾਹੀਂ APK ਫਾਈਲ Download ਕਰਨ ਉਪਰੰਤ ਇਸ ਨੂੰ ਮੋਬਾਇਲ ਵਿੱਚ Install ਕਰਕੇ ਸਕੂਲ ਦੇ ਮੁੱਖ ਐਂਟਰੀ ਗੇਟ ਦੀ ਫੋਟੋ ਅਪਲੋਡ ਕੀਤੀ ਜਾਵੇ। ਵਧੇਰੇ ਜਾਣਕਾਰੀ ਲਈ ਸਬੰਧਤ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਨਾਲ ਸੰਪਰਕ ਕੀਤਾ ਜਾਵੇ।

ਉਪਰੋਕਤ ਜਾਣਕਾਰੀ ਮਿਤੀ 15-09-2023 ਤੱਕ ਹਰ ਹਾਲਤ ਵਿੱਚ ਭਰਨਾ ਯਕੀਨੀ ਬਣਾਇਆ ਜਾਵੇ।

ਸਹੀ/-
ਸਹਾਇਕ ਸਕੱਤਰ (ਕ.ਸ)

ਪਿੱਠ ਅੰਕਣ ਨੰ: ਪਸਸਬ-ਕਸ-2023/1428 ਮਿਤੀ: 01/09/2023

ਉਤਾਰਾ:- 1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ)
2. ਸਮੂਹ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ

ਸਹਾਇਕ ਸਕੱਤਰ (ਕ.ਸ)
01/09/2023